# Washington ਸਕੂਲ 2020 ਦੁਬਾਰਾ ਖੋਲ੍ਹਣਾ: ਖ਼ਾਸ ਸਿੱਖਿਆ ਸਬੰਧੀ ਸਲਾਹ

# (Washington Schools 2020: Special Education

ਇਹ *Washington ਸਕੂਲ 2020 ਦੁਬਾਰਾ ਖੋਲ੍ਹਣਾ: ਖ਼ਾਸ ਸਿੱਖਿਆ ਸਬੰਧੀ ਸਲਾਹ* ਦਾ ਸਾਰ ਅਪਾਹਜਪੁਣੇ ਵਾਲੇ ਵਿਦਿਆਰਥੀਆਂ ਦੇ ਪਰਿਵਾਰਾਂ ਨੂੰ ਇਹ ਜਾਣਨ ਵਿੱਚ ਮਦਦ ਕਰੇਗਾ ਕਿ ਸਕੂਲਾਂ ਦੇ ਦੁਬਾਰਾ ਖੁੱਲ੍ਹਣ ਤੇ ਉਹ ਕੀ ਆਸ ਕਰਨ। ਇਹ ਪਰਿਵਾਰਾਂ ਦੀ, ਉਹਨਾਂ ਦੇ ਵਿਦਿਆਰਥੀਆਂ ਲਈ ਫੈਸਲੇ ਲੈਣ ਵਿੱਚ ਵੀ ਉਹਨਾਂ ਦੀ ਮਦਦ ਕਰੇਗਾ। ਜਾਣਕਾਰੀ ਵਿੱਚ ਔਨਲਾਈਨ, ਵਿਅਕਤੀਗਤ ਅਤੇ ਹਾਈਬ੍ਰਿਡ, ਦੋਵੇਂ ਤਰ੍ਹਾਂ ਨਾਲ ਸਿੱਖਣ ਲਈ ਕਾਰਜਨੀਤੀਆਂ ਹਨ।

## Washington ਸਕੂਲ 2020 ਦੁਬਾਰਾ ਖੋਲ੍ਹਣ ਲਈ ਖ਼ਾਸ ਸਿੱਖਿਆ ਸਬੰਧੀ ਯੋਜਨਾਬੰਦੀ (Special Education Planning for Reopening Washington Schools 2020)

### ਵਿਚਾਰ ਕਰਨ ਲਈ ਧਾਰਨਾਵਾਂ ਤੈਅ ਕਰਨਾ (Scheduling Concepts for Consideration)

ਇਹ ਸਲਾਹ, ਸਕੂਲਾਂ ਨੂੰ ਦੁਬਾਰਾ ਖੋਲ੍ਹਣ ਵਿੱਚ ਮਦਦ ਲਈ ਅਤੇ ਖ਼ਾਸ ਸਿੱਖਿਆ ਸੇਵਾਵਾਂ ਪ੍ਰਦਾਨ ਕਰਨ ਲਈ ਲਿਖੀ ਗਈ ਸੀ। ਸੇਵਾਵਾਂ ਔਨਲਾਈਨ, ਵਿਅਕਤੀਗਤ, ਜਾਂ ਹਾਈਬ੍ਰਿਡ ਦੋਵੇਂ ਤਰ੍ਹਾਂ ਨਾਲ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ।

### Washington ਸਕੂਲ 2020 ਦੁਬਾਰਾ ਖੋਲ੍ਹਣ ਲਈ ਖ਼ਾਸ ਸਿੱਖਿਆ ਸਬੰਧੀ ਯੋਜਨਾਬੰਦੀ ਗਾਈਡ (Special Education Planning Guide for Reopening Washington Schools 2020)

- ਫਾਰਮ ਵਿੱਚ ਪਰਿਵਾਰਕ ਸ਼ਮੂਲੀਅਤ, ਭਾਸ਼ਾ ਸਬੰਧੀ ਪਹੁੰਚ ਅਤੇ ਤਕਨੀਕ ਬਾਰੇ ਨਿਰਦੇਸ਼ਿਤ ਸਵਾਲ ਹਨ। ਇਸ ਵਿੱਚ ਵਿਦਿਆਰਥੀਆਂ ਅਤੇ ਸਟਾਫ਼ ਨੂੰ ਸਹਿਯੋਗ ਦੇਣ ਬਾਰੇ ਵੀ ਸਵਾਲ ਹਨ।
- ਫਾਰਮ ਵਿੱਚ ਕਾਰਵਾਈਆਂ, ਸਮਾਂ ਸੀਮਾਵਾਂ ਅਤੇ ਇਸਦੀ ਯੋਜਨਾ ਬਣਾਉਣ ਵਾਸਤੇ ਥਾਂ ਹੈ ਕਿ ਟੀਮਾਂ ਸਫਲਤਾ ਦਾ ਜਾਇਜ਼ਾ ਕਿਵੇਂ ਲੈਣਗੀਆਂ।

### COVID-19 ਦੇ ਕਾਰਨ ਸਕੂਲ ਫੈਸਿਲਿਟੀ ਦੇ ਬੰਦ ਹੋਣ ਦੇ ਨਤੀਜੇ ਵਜੋਂ ਬਹਾਲੀ ਸੇਵਾਵਾਂ ਦੀ ਲੋੜ (Recovery Services Needs as a Result of COVID-19 School Facility Closure)

- ਸਕੂਲਾਂ ਦੇ ਦੁਬਾਰਾ ਖੁੱਲ੍ਹਣ ਤੇ, ਅਪਾਹਜਪੁਣੇ ਵਾਲੇ ਬੱਚਿਆਂ ਲਈ ਵਾਧੂ ਸੇਵਾਵਾਂ ਮੌਜੂਦ ਹਨ। ਸਾਰੇ ਵਿਦਿਆਰਥੀਆਂ ਨੂੰ ਵਾਧੂ ਸੇਵਾਵਾਂ ਦੀ ਲੋੜ ਨਹੀਂ ਹੈ।
- ਟੀਮਾਂ ਨੂੰ ਉਹਨਾਂ ਵਿਦਿਆਰਥੀਆਂ ਦੀ ਪਛਾਣ ਕਰਨੀ ਚਾਹੀਦੀ ਹੈ, ਜਿਹਨਾਂ ਦੀਆਂ ਬਸੰਤ 2020 ਦੇ ਦੌਰਾਨ ਖੁੰਝੇ ਸਕੂਲ ਅਤੇ ਖੁੰਝੀਆਂ ਸੇਵਾਵਾਂ ਦੇ ਕਾਰਨ ਹੋਣ ਵਾਲੀਆਂ ਲੋੜਾਂ ਹਨ।
- ਬਹਾਲੀ ਸੇਵਾਵਾਂ, ਸਕੂਲ ਦੇ ਸਮੇਂ ਤੋਂ ਬਾਅਦ ਜਾਂ ਸਕੂਲ ਡੇ ਦੇ ਦੌਰਾਨ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ।

### ਸਟਾਫ਼ ਸਬੰਧੀ ਚਿੰਤਨ (Staffing Considerations)

- ਪੂਰੇ ਸਟਾਫ਼ ਨੂੰ ਸਿੱਖਿਅਤ ਕਰੋ ਕਿ ਅਪਾਹਜਪੁਣੇ ਵਾਲੇ ਵਿਦਿਆਰਥੀਆਂ ਨੂੰ ਕਿਵੇਂ ਸਹਿਯੋਗ ਕਰਨਾ ਹੈ। ਸਟਾਫ਼ ਨੂੰ ਪਹੁੰਚ ਯੋਗ ਤਕਨੀਕ ਸਬੰਧੀ ਸਿਖਲਾਈ ਦਿਓ.
- ਪੂਰੇ ਸਟਾਫ਼ ਨੂੰ ਸਿੱਖਿਅਤ ਕਰੋ ਕਿ ਦੁਭਾਸ਼ੀਆਂ ਦੇ ਮੰਗ ਕਿਵੇਂ ਕਰਨੀ ਹੈ ਅਤੇ ਉਹਨਾਂ ਨਾਲ ਕੰਮ ਕਿਵੇਂ ਕਰਨਾ ਹੈ।
- ਯਕੀਨੀ ਬਣਾਓ ਕਿ ਪੂਰੇ ਸਟਾਫ਼ ਨੂੰ ਪਤਾ ਹੈ ਕਿ ਵਿਦਿਆਰਥੀਆਂ ਅਤੇ ਸਟਾਫ਼ ਲਈ ਮਾਨਸਿਕ ਸਿਹਤ ਸਹਿਯੋਗ ਦੀ ਮੰਗ ਕਿਵੇਂ ਕਰਨੀ ਹੈ। ਕਿਸੇ ਸਿੱਖਿਅਕ ਦੇ ਬੀਮਾਰ ਹੋਣ ਤੇ ਵਿਦਿਆਰਥੀਆਂ ਨੂੰ ਸਹਿਯੋਗ ਕਰਨ ਲਈ ਬੈਕ-ਅਪ ਯੋਜਨਾਵਾਂ ਬਣਾਓ।

## ਸਕੂਲ ਦੁਬਾਰਾ ਖੁੱਲ੍ਹਣ ਦੇ ਮਾੱਡਲਾਂ ਦੀ ਨਿਰੰਤਰ ਸਫਲਤਾ ਲਈ ਸ਼ਮੂਲੀਅਤ ਵਾਲੀਆਂ ਪੱਧਤੀਆਂ (Inclusionary Practices Across the Continuum of School Reopening Models)

### ਪਰਿਵਾਰਕ ਭਾਗੀਦਾਰੀਆਂ ਅਤੇ ਸੰਚਾਰ (Family Partnerships and Communication)

- ਸਕੂਲਾਂ ਨੂੰ ਘਰ ਵਿੱਚ ਅਤੇ ਸਕੂਲ ਦੀਆਂ ਬਿਲਡਿੰਗਾਂ ਵਿੱਚ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਸਹਿਯੋਗ ਕਰਨ ਵਿੱ ਪਰਿਵਾਰਾਂ ਨਾਲ ਮਿਲ ਕੇ ਕੰਮ ਕਰਨਾ ਚਾਹੀਦਾ ਹੈ।
- ਯਕੀਨੀ ਬਣਾਓ ਕਿ ਪੂਰੇ ਸਟਾਫ਼ ਨੂੰ ਪਤਾ ਹੈ ਕਿ ਅਪਹਾਜਪੁਣੇ ਵਾਲੇ ਵਿਦਿਆਰਥੀਆਂ ਅਤੇ ਉਹਨਾਂ ਦੇ ਪਰਿਵਾਰ ਨੂੰ ਨਸਲਵਾਦ, ਅਪਾਹਜਪੁਣੇ ਦੇ ਆਧਾਰ ਤੇ ਪੱਖਪਾਤ ਅਤੇ ਮਾਨਸਿਕ ਸੱਟ ਕਿਵੇਂ ਪ੍ਰਭਾਵਿਤ ਕਰਦੀ ਹੈ।
- ਸਕੂਲਾਂ ਨੂੰ ਅਜਿਹੇ ਤਰੀਕਿਆਂ ਨਾਲ ਸੰਚਾਰ ਕਰਨਾ ਚਾਹੀਦਾ ਹੈ, ਜੋ ਪਰਿਵਾਰਾਂ ਲਈ ਸਭ ਤੋਂ ਵੱਧ ਉਪਯੋਗੀ ਹੋਵੇ। ਸੰਚਾਰ, ਘਰ ਵਿਖੇ ਬੋਲੀ ਜਾਣ ਵਾਲੀ ਭਾਸ਼ਾ ਵਿੱਚ ਹੋਣਾ ਚਾਹੀਦਾ ਹੈ।
- ਸਕੂਲਾਂ ਨੂੰ ਸਾਰੇ ਪਰਿਵਾਰਾਂ ਤੱਕ ਪਹੁੰਚਣ ਤੱਕ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ।
- ਜਿਹਨਾਂ ਪਰਿਵਾਰਾਂ ਦੀਆਂ ਚਿੰਤਾਵਾਂ ਹਨ, ਉਹਨਾਂ ਨੂੰ ਆਪਣੇ ਸਕੂਲ ਅਤੇ/ਜਾਂ ਡਿਸਟ੍ਰਿਕਟ ਨੂੰ ਸੰਪਰਕ ਕਰਨਾ ਚਾਹੀਦਾ ਹੈ।

### ਵਿਦਿਆਰਥੀ ਸ਼ਮੂਲੀਅਤ, ਸਮਾਜਿਕ-ਭਾਵਨਤਾਮਕ, ਅਤੇ ਵਿਵਹਾਰ ਸਬੰਧੀ ਸਹਿਯੋਗ (Student Engagement, Social-Emotional, and Behavioral Supports)

- ਸਕੂਲਾਂ ਨੂੰ ਸਾਰੇ ਵਿਦਿਆਰਥੀਆਂ ਦੀਆਂ ਸਮਾਜਿਕ, ਭਾਵਨਾਤਮਕ ਅਤੇ ਵਿਵਹਾਰ ਸਬੰਧੀ ਲੋੜਾਂ ਨੂੰ ਪੂਰਾ ਕਰਨ ਵਾਸਤੇ ਉਹਨਾਂ ਦੀ ਮਦਦ ਕਰਨੀ ਚਾਹੀਦੀ ਹੈ।
- ਯਕੀਨੀ ਬਣਾਓ ਕਿ ਪੂਰੇ ਸਟਾਫ਼ ਨੂੰ ਪਤਾ ਹੈ ਕਿ ਅਜਿਹੇ ਤਰੀਕੇ ਨਾਲ ਵਿਦਿਆਰਥੀਆਂ ਦੀ ਮਦਦ ਕਿਵੇਂ ਕੀਤੀ ਜਾਵੇ, ਜਿਸ ਨਾਲ ਵੱਖ-ਵੱਖ ਸੱਭਿਆਚਾਰਾਂ ਦਾ ਸਨਮਾਨ ਹੋਵੇ।
- ਯਕੀਨੀ ਬਣਾਓ ਕਿ ਪੂਰੇ ਸਟਾਫ਼ ਨੂੰ ਪਤਾ ਹੈ ਕਿ ਉਹਨਾਂ ਵਿਦਿਆਰਥੀਆਂ ਦੀ ਮਦਦ ਕਿਵੇਂ ਕੀਤੀ ਜਾਵੇ, ਜਿਹਨਾਂ ਨੇ ਮਾਨਸਿਕ ਸੱਟ ਦਾ ਅਨੁਭਵ ਕੀਤਾ ਹੈ।

### ਨਿਰੰਤਰ ਸਿਖਲਾਈ ਲਈ ਨਿਰਦੇਸ਼ਾਤਮਕ ਡਿਲੀਵਰੀ ਅਤੇ ਯੂਨੀਵਰਸਲ ਡਿਜ਼ਾਈਨ (Instructional Delivery and Universal Design for Continuous Learning)

- ਪੂਰੇ ਸਟਾਫ਼ ਨੂੰ ਅਪਾਹਜਪੁਣੇ ਵਾਲੇ ਵਿਦਿਆਰਥੀਆਂ ਦੀ ਮਦਦ ਕਰਨ ਲਈ, ਖ਼ਾਸ ਸਿੱਖਿਆ ਸਬੰਧੀ ਅਧਿਆਪਕਾਂ ਨਾਲ ਕੰਮ ਕਰਨਾ ਚਾਹੀਦਾ ਹੈ।

- ਸਾਰੇ ਵਿਦਿਆਰਥੀਆਂ ਅਤੇ ਪਰਿਵਾਰਾਂ ਨੂੰ ਔਨਲਾਈਨ ਪਾਠ ਸਮੱਗਰੀਆਂ ਅਤੇ ਸਮਾਂ ਸਾਰਨੀਆਂ ਤੱਕ ਪਹੁੰਚ ਦੀ ਲੋੜ ਹੈ। ਔਨਲਾਈਨ ਸਮਾਂ ਸਾਰਨੀਆਂ ਲਚਕੀਲੀਆਂ ਹੋਣੀਆਂ ਚਾਹੀਦੀਆਂ ਹਨ।
- ਵਿਦਿਆਰਥੀਆਂ ਨੂੰ, ਸੁਵਿਧਾਜਨਕ ਪ੍ਰਬੰਧ ਅਤੇ ਸਹਿਯੋਗ, ਔਨਲਾਈਨ ਅਤੇ ਵਿਅਕਤੀਗਤ, ਦੋਵੇਂ ਤਰ੍ਹਾਂ ਨਾਲ ਮਿਲਣੇ ਲਾਜ਼ਮੀ ਹਨ।

## ਸਕੂਲ ਦੁਬਾਰਾ ਖੁੱਲ੍ਹਣ ਤੇ ਖ਼ਾਸ ਸਿੱਖਿਆ ਸਬੰਧੀ ਸੇਵਾਵਾਂ (Special Education Services Throughout School Reopening)

### ਮੁਲਾਂਕਣ ਅਤੇ ਪਾਤਰਤਾ (Evaluations and Eligibility)

- ਟੀਮਾਂ ਨੂੰ ਅਕਾਦਮਿਕ ਅਤੇ ਵਿਵਹਾਰ ਸਬੰਧੀ ਸਹਿਯੋਗ ਦੇਣ ਲਈ ਸਾਰੇ ਵਿਦਿਆਰਥੀਆਂ ਲਈ ਉੱਨਤੀ ਦਾ ਨਿਰੀਖਣ ਕਰਨਾ ਚਾਹੀਦਾ ਹੈ।
- ਸਕੂਲ ਡਿਸਟ੍ਰਿਕਟਾਂ ਲਈ ਲਾਜ਼ਮੀ ਹੈ ਕਿ ਉਹ ਅਪਾਹਜਪੁਣੇ ਵਾਲੇ ਵਿਦਿਆਰਥੀਆਂ ਨੂੰ ਲੱਭ ਕੇ, ਉਹਨਾਂ ਨੂੰ ਸਹਿਯੋਗ ਕਰਨ। ਇਸ ਪ੍ਰਕਿਰਿਆ ਨੂੰ ਚਾਈਲਡ ਫਾਈਂਡ ਕਿਹਾ ਜਾਂਦਾ ਹੈ।
- ਟੀਮਾਂ ਨੂੰ ਸਕੂਲ ਵਿੱਚ ਅਤੇ ਘਰ ਵਿਖੇ ਵਿਦਿਆਰਥੀਆਂ ਦੀਆਂ ਲੋੜਾਂ ਬਾਰੇ ਵੀ ਚਰਚਾ ਕਰਨੀ ਚਾਹੀਦੀ ਹੈ। ਟੀਮਾਂ ਨੂੰ ਬਸੰਤ 2020 ਵਿੱਚ ਸਕੂਲ ਬੰਦ ਹੋਣ ਦੇ ਕਾਰਨ ਹੋਣ ਵਾਲੀਆਂ ਲੋੜਾਂ ਬਾਰੇ ਵੀ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਹੈ।
- ਮੁਲਾਂਕਣ ਲਈ ਡੇਟੇ ਵਿੱਚ, ਵਿਅਕਤੀ ਜਾਂ ਔਨਲਾਈਨ ਪੂਰੇ ਕੀਤੇ ਨਿਰੀਖਣ ਅਤੇ ਟੈਸਟ ਸ਼ਾਮਲ ਕੀਤੇ ਜਾ ਸਕਦੇ ਹਨ। ਜਿਹਨਾਂ ਮੁਲਾਂਕਣਾਂ ਵਿੱਚ ਦੇਰੀ ਹੋਈ ਹੈ, ਉਹ ਜਲਦੀ ਤੋਂ ਜਲਦੀ ਪੂਰੇ ਕੀਤੇ ਜਾਣੇ ਚਾਹੀਦੇ ਹਨ।

### ਵਿਅਕਤੀਗਤ ਸਿੱਖਿਆ ਪ੍ਰੋਗਰਾਮ (Individualized Education Program) (IEP) ਸਬੰਧੀ ਵਿਕਾਸ

- ਵਿਦਿਆਰਥੀਆਂ ਨੂੰ IEP ਸੇਵਾਵਾਂ ਮਿਲਣੀਆਂ ਲਾਜ਼ਮੀ ਹਨ। ਸੇਵਾਵਾਂ, ਔਨਲਾਈਨ, ਵਿਅਕਤੀਗਤ, ਜਾਂ ਦੋਵੇਂ ਤਰ੍ਹਾਂ ਨਾਲ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ।
  - ਕਈ ਵਿਦਿਆਰਥੀ, ਔਨਲਾਈਨ ਜਾਂ ਔਨਲਾਈਨ ਅਤੇ ਵਿਅਕਤੀਗਤ ਦੇ ਹਾਈਬ੍ਰਿਡ ਰਾਹੀਂ ਸਿੱਖ ਸਕਦੇ ਹਨ।
  - ਕੁਝ ਵਿਦਿਆਰਥੀਆਂ ਨੂੰ ਸਿੱਖਣ ਲਈ ਵਿਅਕਤੀਗਤ ਪੜ੍ਹਾਈ ਦੀ ਲੋੜ ਹੁੰਦੀ ਹੈ। ਜਦੋਂ ਅਜਿਹਾ ਕਰਨਾ ਸੁਰੱਖਿਅਤ ਹੋਵੇ, ਤਾਂ ਸਕੂਲਾਂ ਨੂੰ ਉਹ ਸੇਵਾਵਾਂ ਵਿਅਕਤੀਗਤ ਤੌਰ ਤੇ ਪ੍ਰਦਾਨ ਕਰਨੀਆਂ ਚਾਹੀਦੀਆਂ ਹਨ।
- ਜੇਕਰ ਵਿਦਿਆਰਥੀਆਂ ਨੂੰ ਸੁਰੱਖਿਆ ਲਈ ਸਮੂਹਾਂ ਵਿੱਚ ਵੰਡਿਆ ਜਾਂਦਾ ਹੈ, ਤਾਂ ਸਕੂਲਾਂ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ ਕਿ ਉਹ ਅਪਾਹਜਪੁਣੇ ਵਾਲੇ ਵਿਦਿਆਰਥੀਆਂ ਨੂੰ ਹੋਰ ਵੱਖ ਨਾ ਕਰਨ। ਪਲੇਸਮੈਂਟ ਸਬੰਧੀ ਫੈਸਲੇ, ਵਿਦਿਆਰਥੀ ਲੋੜਾਂ ਦੇ ਆਧਾਰ ਤੇ ਵਿਅਕਤੀਗਤ ਰੂਪ ਨਾਲ ਲਏ ਜਾਣੇ ਚਾਹੀਦੇ ਹਨ।
- ਸੇਵਾਵਾਂ, ਇੱਕ-ਇੱਕ ਕਰਕੇ, ਛੋਟੇ ਸਮੂਹਾਂ ਵਿੱਚ ਜਾਂ ਕਲਾਸ ਵਿੱਚ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ।
  - ਖ਼ਾਸ ਤੌਰ ਤੇ ਤਿਆਰ ਕੀਤੀ ਪੜ੍ਹਾਈ (Specially Designed Instruction) (SDI) ਅਜਿਹੀ ਪੜ੍ਹਾਈ ਹੈ, ਜੋ ਅਪਾਹਜਪੁਣੇ ਵਾਲੇ ਵਿਦਿਆਰਥੀਆਂ ਦੀ ਮਦਦ ਕਰਨ ਲਈ ਬਦਲੀ ਗਈ ਹੈ।
  - ਸਬੰਧਿਤ ਸੇਵਾਵਾਂ, ਖ਼ਾਸ ਸਿੱਖਿਆ ਤੋਂ ਫਾਇਦਾ ਲੈਣ ਵਿੱਚ ਵਿਦਿਆਰਥੀਆਂ ਦੀ ਮਦਦ ਕਰਦੀਆਂ ਹਨ। ਸਹਿਯੋਗ ਵਿੱਚ ਭਾਸ਼ਾ, ਗਤਿਵਿਧੀ, ਆਵਾਜਾਈ ਆਦਿ ਸ਼ਾਮਲ ਹੋ ਸਕਦੇ ਹਨ।

- ਸਪਲੀਮੈਂਟਰੀ ਸਹਾਇਤਾ ਅਤੇ ਸੇਵਾਵਾਂ, ਆਮ ਸਿੱਖਿਆ ਚੁਗਿਰਦਿਆਂ ਵਿੱਚ ਅਪਾਹਜਪੁਣੇ ਵਾਲੇ ਵਿਦਿਆਰਥੀਆਂ ਦੀ ਮਦਦ ਕਰਦੇ ਹਨ। ਇਸ ਵਿੱਚ ਇੱਕ-ਇੱਕ ਕਰਕੇ, ਜਾਂ ਛੋਟੇ ਸਮੂਹਾਂ ਵਿੱਚ, ਪੈਰਾਐਜੁਕੇਟਰ ਤੋਂ ਸਹਿਯੋਗ ਸ਼ਾਮਲ ਹੋ ਸਕਦਾ ਹੈ।

- ਪੂਰਾ ਸਟਾਫ਼, ਅਪਾਹਜਪੁਣੇ ਵਾਲੇ ਵਿਦਿਆਰਥੀਆਂ ਦੀ ਮਦਦ ਕਰ ਸਕਦਾ ਹੈ। ਖ਼ਾਸ ਸਿੱਖਿਆ ਸਬੰਧੀ ਸਟਾਫ਼ ਲਈ ਪੜ੍ਹਾਈ ਤਿਆਰ ਕਰਨਾ ਅਤੇ ਉੱਨਤੀ ਦਾ ਨਿਰੀਖਣ ਕਰਨਾ ਲਾਜ਼ਮੀ ਹੈ।
- ਪਰਿਵਾਰ, ਘਰ ਵਿਖੇ ਅਤੇ ਔਨਲਾਈਨ, ਸਿੱਖਣ ਵਿੱਚ ਵਿਦਿਆਰਥੀਆਂ ਦੀ ਮਦਦ ਕਰ ਸਕਦੇ ਹਨ। ਸਕੂਲਾਂ ਨੂੰ ਲੋੜ ਪੈਣ ਤੇ ਪਰਿਵਾਰਾਂ ਨੂੰ ਸਿਖਲਾਈ ਅਤੇ ਸਹਿਯੋਗ ਦੇਣਾ ਚਾਹੀਦਾ ਹੈ।

## ਤਕਨੀਕੀ ਸਹਾਇਤਾ ਅਤੇ ਸਹਾਇਕ ਤਕਨੀਕ (Technology Supports and Assistive Technology) (AT)

- ਤਕਨੀਕ, ਔਨਲਾਈਨ, ਵਿਅਕਤੀਗਤ, ਜਾਂ ਦੋਵੇਂ ਤਰ੍ਹਾਂ ਨਾਲ ਅਪਾਹਜਪੁਣੇ ਵਾਲੇ ਵਿਦਿਆਰਥੀਆਂ ਦੀ ਮਦਦ ਕਰ ਸਕਦੀ ਹੈ।
- ਸਕੂਲਾਂ ਲਈ ਲਾਜ਼ਮੀ ਹੈ ਕਿ ਉਹ ਵਿਦਿਆਰਥੀਆਂ ਨੂੰ ਸਿੱਖਣ ਵਿੱਚ ਮਦਦ ਲਈ ਉਹਨਾਂ ਦੀ IEP ਵਿੱਚ ਤਕਨੀਕ ਪ੍ਰਦਾਨ ਕਰਨ। ਸਕੂਲਾਂ ਨੂੰ ਇਸ ਤੇ ਵਿਚਾਰ ਕਰਨਾ ਚਾਹੀਦਾ ਹੈ ਕਿ ਵਾਧੂ ਤਕਨੀਕ, ਅਪਾਹਜਪੁਣੇ ਵਾਲੇ ਵਿਦਿਆਰਥੀਆਂ ਦੀ ਸਿੱਖਣ ਵਿੱਚ ਕਿਵੇਂ ਮਦਦ ਕਰ ਸਕਦੀ ਹੈ।
- ਸਕੂਲਾਂ ਲਈ ਲਾਜ਼ਮੀ ਹੈ ਕਿ ਉਹ ਹਿ ਸਿੱਖਣ ਵਿੱਚ ਪਰਿਵਾਰਾਂ ਦੀ ਮਦਦ ਕਰਨ ਕਿ ਜਦੋਂ ਵਿਦਿਆਰਥੀ ਔਨਲਾਈਨ ਸਿੱਖਦੇ ਹਨ ਤਾਂ ਤਕਨੀਕ ਦੀ ਵਰਤੋਂ ਕਿਵੇਂ ਕਰਨੀ ਹੈ।
- ਯਕੀਨੀ ਬਣਾਓ ਕਿ ਪੂਰੇ ਸਟਾਫ਼ ਨੂੰ ਪਤਾ ਹੈ ਕਿ ਅਪਹਾਜਪੁਣੇ ਵਾਲੇ ਵਿਦਿਆਰਥੀਆਂ ਦੀ ਮਦਦ ਕਰਨ ਲਈ ਤਕਨੀਕ ਦੀ ਵਰਤੋਂ ਕਿਵੇਂ ਕਰਨੀ ਹੈ ਅਤੇ ਇਸਨੂੰ ਸ਼ਾਮਲ ਕਿਵੇਂ ਕਰਨਾ ਹੈ।

## ਵਿਅਕਤੀਗਤ ਵਿਦਿਆਰਥੀ ਲੋੜਾਂ ਨੂੰ ਸਹਿਯੋਗ ਕਰਨ ਲਈ ਖ਼ਾਸ ਕਾਰਜਨੀਤੀਆਂ (Specific Strategies for Supporting Individualized Student Needs)

- ਸਕੂਲਾਂ ਦੇ ਦੁਬਾਰਾ ਖੁੱਲ੍ਹਣ ਤੇ ਵਿਦਿਆਰਥੀਆਂ ਨੂੰ ਮੁਸ਼ਕਲਾਂ ਆ ਸਕਦੀਆਂ ਹਨ।
  - ਉਹਨਾਂ ਨੂੰ ਸਕੂਲ ਵਿਖੇ, ਔਨਲਾਈਨ ਜਾਂ ਦੋਵੇਂ ਤਰ੍ਹਾਂ ਨਾਲ ਨਵੇਂ ਨਿੱਤਨੇਮ ਸਿੱਖਣ ਵਿੱਚ ਮਦਦ ਦੀ ਲੋੜ ਹੋ ਸਕਦੀ ਹੈ।
  - ਵਿਦਿਆਰਥੀਆਂ ਨੂੰ ਸੁਤੰਤਰਤਾ ਲਈ ਸਮਾਂ ਸਾਰਨੀਆਂ ਅਤੇ ਤਕਨੀਕ ਦੀ ਵਰਤੋਂ ਕਰਦੇ ਹੋਏ ਅਭਿਆਸ ਕਰਨਾ ਚਾਹੀਦਾ ਹੈ।

- ਸਕੂਲਾਂ ਨੂੰ ਵਿਵਹਾਰ ਸਬੰਧੀ ਸਹਿਯੋਗ ਪ੍ਰਦਾਨ ਕਰਨਾ ਚਾਹੀਦਾ ਹੈ, ਤਾਂ ਜੋ ਸਾਰੇ ਵਿਦਿਆਰਥੀ ਸਿੱਖ ਸਕਣ।
  - ਸਟਾਫ਼ ਨੂੰ ਸਕਾਰਾਤਮਕ ਵਿਵਹਾਰ ਸਹਿਯੋਗ ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ ਅਤੇ ਸਜ਼ਾ ਦੇਣ ਤੋਂ ਬਚਣਾ ਚਾਹੀਦਾ ਹੈ।
  - ਇਹਨਾਂ ਸਹਿਯੋਗਾਂ ਨਾਲ ਭਾਵਨਾਤਮਕ ਲੋੜਾਂ ਵਾਲੇ ਵਿਦਿਆਰਥੀਆਂ ਨੂੰ ਮਦਦ ਮਿਲਣੀ ਚਾਹੀਦੀ ਹੈ।
- ਅਲੱਗ ਲੋੜਾਂ ਵਾਲੇ ਵਿਦਿਆਰਥੀਆਂ ਲਈ, ਮਾਹਰਾਂ ਨੂੰ ਸਕੂਲ ਵਿਖੇ, ਔਨਲਾਈਨ, ਜਾਂ ਦੋਵੇਂ ਤਰ੍ਹਾਂ ਨਾਲ ਅਧਿਆਪਕਾਂ ਅਤੇ ਪਰਿਵਾਰਾਂ ਨਾਲ ਮਿਲ ਕੇ ਕੰਮ ਕਰਨਾ ਚਾਹੀਦਾ ਹੈ।

## ਉੱਨਤੀ ਸਬੰਧੀ ਨਿਰੀਖਣ ਕਰਨਾ ਅਤੇ ਰਿਪੋਰਟਿੰਗ (Progress Monitoring and Reporting)

- ਸਕੂਲਾਂ ਲਈ ਲਾਜ਼ਮੀ ਹੈ ਉਹ ਹਰੇਕ IEP ਟੀਚੇ ਅਤੇ ਉਦੇਸ਼ ਤੇ ਵਿਦਿਆਰਥੀ ਦੀ ਉੱਨਤੀ ਦੇ ਦਸਤਾਵੇਜ਼ ਤਿਆਰ ਕਰਨ।
- ਉੱਨਤੀ ਰਿਪੋਰਟਾਂ ਵਿੱਚ ਨੋਟ ਕੀਤਾ ਜਾਣਾ ਚਾਹੀਦਾ ਹੈ ਕਿ ਕਿਹੜੀਆਂ ਸੇਵਾਵਾਂ ਔਨਲਾਈਨ ਸਨ, ਕਿਹੜੀਆਂ ਵਿਅਕਤੀਗਤ ਸਨ।
- ਪਰਿਵਾਰਾਂ ਨੂੰ IEP ਵਿੱਚ ਤੈਅ ਕੀਤੇ ਮੁਤਾਬਕ ਉੱਨਤੀ ਰਿਪੋਰਟਾਂ ਮਿਲਣੀਆਂ ਲਾਜ਼ਮੀ ਹਨ।
- ਪਰਿਵਾਰਾਂ ਨੂੰ ਵਿਦਿਆਰਥੀ ਦੀ ਉੱਨਤੀ ਦਾ ਨਿਰੀਖਣ ਕਰਨ ਵਿੱਚ ਸਕੂਲਾਂ ਦੀ ਮਦਦ ਕਰਨ ਲਈ ਆਖਿਆ ਜਾ ਸਕਦਾ ਹੈ।

## ਅਰੰਭਿਕ ਸਿਖਲਾਈ (Early Learning)

- ਯਕੀਨੀ ਬਣਾਓ ਕਿ ਪੂਰੇ ਪ੍ਰੀਸਕੂਲ ਸਟਾਫ਼ ਨੂੰ ਪਤਾ ਹੈ ਕਿ ਔਨਲਾਈਨ, ਵਿਅਕਤੀਗਤ, ਜਾਂ ਦੋਵੇਂ ਤਰ੍ਹਾਂ ਨਾਲ ਸਿੱਖਣ ਵਿੱਚ, ਅਪਹਾਜਪੁਣੇ ਵਾਲੇ ਛੋਟੇ ਬੱਚਿਆਂ ਦੀ ਮਦਦ ਕਿਵੇਂ ਕਰਨੀ ਹੈ। ਸਿਖਲਾਈ ਸਬੰਧੀ ਗਤੀਵਿਧੀਆਂ ਲਚਕੀਲੀਆਂ ਅਤੇ ਛੋਟੀਆਂ ਹੋਣੀਆਂ ਚਾਹੀਦੀਆਂ ਹਨ।
- ਟੀਮਾਂ ਲਈ ਲਾਜ਼ਮੀ ਹੈ ਕਿ ਉਹ ਅਪਹਾਜਪੁਣੇ ਵਾਲੇ ਛੋਟੇ ਬੱਚਿਆਂ ਦੇ ਪਰਿਵਾਰਾਂ ਨਾਲ ਵਾਰ-ਵਾਰ ਗੱਲਬਾਤ ਕਰਦੀਆਂ ਰਹਿਣ।
- ਟੀਮਾਂ ਲਈ ਲਾਜ਼ਮੀ ਹੈ ਕਿ ਉਹ ਘਰ ਵਿਖੇ ਅਪਹਾਜਪੁਣੇ ਵਾਲੇ ਛੋਟੇ ਬੱਚਿਆਂ ਨੂੰ ਸਹਿਯੋਗ ਦੇਣ ਵਿੱਚ ਮਦਦ ਲਈ, ਉਹਨਾਂ ਦੇ ਪਰਿਵਾਰਾਂ ਨਾਲ ਮਿਲ ਕੇ ਕੰਮ ਕਰਨ।
- ਸੇਵਾਵਾਂ ਪ੍ਰਾਪਤ ਕਰਨ ਵਾਲੇ 2 ਵਰ੍ਹਿਆਂ ਦੇ ਅਪਾਹਜਪੁਣੇ ਵਾਲੇ ਵਿਦਿਆਰਥੀਆਂ ਦਾ ਮੁਲਾਂਕਣ ਹੋਣਾ ਲਾਜ਼ਮੀ ਹੈ ਅਤੇ ਉਹਨਾਂ ਦੇ 3 ਵਰ੍ਹੇ ਦਾ ਹੋਣ ਤੱਕ IEP ਤਿਆਰ ਕੀਤੀ ਜਾਣੀ ਲਾਜ਼ਮੀ ਹੈ।

## ਗ੍ਰੈਜੁਏਸ਼ਨ ਅਤੇ ਸੈਕੰਡਰੀ ਟ੍ਰਾਂਜ਼ਿਸ਼ਨ (Graduation and Secondary Transition)

- ਮਿਡਲ ਅਤੇ ਹਾਈ ਸਕੂਲ ਵਿੱਚ ਪੜ੍ਹਨ ਵਾਲੇ ਹਰੇਕ ਵਿਦਿਆਰਥੀ ਕੋਲ ਹਾਈ ਸਕੂਲ ਅਤੇ ਇਸ ਤੋਂ ਅੱਗੇ ਦੀ ਯੋਜਨਾ (High School and Beyond Plan) (HSBP) ਹੋਣੀ ਲਾਜ਼ਮੀ ਹੈ। HSBP, ਅਪਾਹਜਪੁਣੇ ਵਾਲੇ ਹਰੇਕ ਵਿਦਿਆਰਥੀ ਲਈ IEP ਟ੍ਰਾਂਜ਼ਿਸ਼ਨ ਸੇਵਾਵਾਂ ਦੇ ਮੁਤਾਬਕ ਹੋਣੀ ਚਾਹੀਦੀ ਹੈ।
- ਟੀਮਾਂ ਨੂੰ ਸਕੂਲ ਵਿਖੇ, ਔਨਲਾਈਨ, ਜਾਂ ਦੋਵੇਂ ਤਰ੍ਹਾਂ ਨਾਲ ਟ੍ਰਾਂਜ਼ਿਸ਼ਨ ਸੇਵਾਵਾਂ ਦੀ ਯੋਜਨਾ ਬਣਾਉਣੀ ਚਾਹੀਦੀ ਹੈ। ਇਸ ਵਿੱਚ ਕੈਰੀਅਰ ਸਬੰਧੀ ਪੜਤਾਲ ਸ਼ਾਮਲ ਹੋਣੀ ਲਾਜ਼ਮੀ ਹੈ।
- ਹਾਈ ਸਕੂਲ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਬਹਾਲੀ ਟ੍ਰਾਂਜ਼ਿਸ਼ਨ ਸੇਵਾਵਾਂ ਦੀ ਲੋੜ ਹੋ ਸਕਦੀ ਹੈ। ਇਸ ਵਿੱਚ ਉਹ ਵਿਦਿਆਰਥੀ ਸ਼ਾਮਲ ਹੋ ਸਕਦੇ ਹਨ, ਜਿਹਨਾਂ ਨੇ ਗ੍ਰੈਜੁਏਟ ਕੀਤੀ ਹੈ ਜਾਂ ਬਸੰਤ 2020 ਵਿੱਚ 21 ਵਰ੍ਹੇ ਦੇ ਹੋਏ ਹਨ।



Washington Office of Superintendent of
PUBLIC INSTRUCTION